G

3488602

कुल पृष्ठ संख्या–24 (कवर पेज सहित) क्रम संख्या

# माध्यमिक शिक्षा बोर्ड, राजस्थान, अजमेर

## माध्यमिक परीक्षा

(परीक्षार्थी द्वारा स्वयं भरा जाना चाहिये)

नोट :– परीक्षार्थी उपरोक्त के अतिरिक्त उत्तर पुस्तिका के अन्य किसी भी भाग में अपना नामांक नहीं लिखें।

माध्यम – हिन्दी ☐ अंग्रेजी ☑

विषय Punjabi

परीक्षा का दिन Saturday

दिनांक 30-3-2024

नोट :– परीक्षार्थी के लिए आवश्यक निर्देश इस पृष्ठ के पिछले भाग पर उल्लेखित हैं। जिन्हें सावधानी पूर्वक पढ़ लें व पालना अवश्य करें।

परीक्षक हेतु निर्देश :– (1) परीक्षक को उपरोक्त सारणी अनुसार प्राप्तांक भरना अनिवार्य हैं, अन्यथा नियमानुसार दंडित किया जायेगा।

(2) परीक्षक उत्तर पुस्तिका के अन्दर के पृष्ठों के बायीं ओर निर्धारित कॉलम में लाल इंक से अंक प्रदत्त करें।

(3) कुल योग भिन्न में प्राप्त होने पर उसे पूर्णांक में ही परिवर्तित कर अंकित करें (उदारणार्थ : 15 ¼ को 16, 17 ½ को 18, 19 ¾ को 20)

**प्रश्नवार प्राप्तांकों की सारणी**
**(परीक्षक के उपयोग हेतु)**

| प्रश्नों की क्रम संख्या | प्राप्तांक | प्रश्नों की क्रम संख्या | प्राप्तांक |
|---|---|---|---|
| 1 | 12 | 19 | 3 |
| 2 | 6 | 20 | 3 |
| 3 | 12 | 21 | 4 |
| 4 | 2 | 22 | 4 |
| 5 | 2 | 23 | 4 |
| 6 | 2 | 24 | |
| 7 | 2 | 25 | |
| 8 | ~~2~~ 1½ | 26 | |
| 9 | 2 | 27 | |
| 10 | 2 | 28 | |
| 11 | 2 | 29 | |
| 12 | 2 | 30 | |
| 13 | 2 | 31 | |
| 14 | 2 | योग | 79½ |
| 15 | 2 | प्राप्त अंकों का कुल योग (Round off) | |
| 16 | 2 | अंकों में | शब्दों में |
| 17 | 3 | 80 | अस्सी |
| 18 | 3 | | |

परीक्षक के हस्ताक्षर [signature] संकेतांक 61776

प्रमाणित किया जाता है कि इस उत्तर पुस्तिका के निर्माण में 58 जी.एस.एम. ईको मैपलिथो कागज ही उपयोग में लिया गया है।175/2023

## परीक्षार्थियों के लिए आवश्यक निर्देश

1. समस्त प्रश्नों का हल निर्धारित शब्द सीमा में इसी उत्तर पुस्तिका में करना है। विशेष परिस्थिति में अतिरिक्त उत्तर पुस्तिका, उत्तर पुस्तिका भरी हुई होने पर पर्यवेक्षक एवं वीक्षक की अनुशंषा पर ही उपलब्ध कराई जायेगी।
2. प्रश्न–पत्र पर निर्धारित स्थान पर अपना नामांक लिखें।
3. प्रश्न–पत्र हल करने के पश्चात् जिस पृष्ठ पर हल समाप्त होता है, उस पर अन्त में "समाप्त" लिखकर अन्त के सभी रिक्त पृष्ठों को तिरछी लाईन से काटे।
4. निम्न बातों का विशेष ध्यान रखें अन्यथा अनुचित साधनों की रोकथाम अधिनियम के तहत कार्यवाही की जा सकेगी।
   (i) उत्तर पुस्तिका के ऊपर/अन्दर तथा प्रश्नोत्तर के किसी भी भाग में चाही गई सूचना के अलावा अपना नामांक, नाम, पता, फोन नम्बर अथवा पहचान की कोई अन्य प्रकार की सूचना आदि अंकित नहीं करें अन्यथा "अनुचित साधनों के प्रयोग" के अन्तर्गत कार्यवाही की जावेगी।
   (ii) उत्तर पुस्तिका के पृष्ठों को फाड़ें नहीं। उत्तर–पुस्तिका के मुख पृष्ठ पर अंकित संख्या के अनुसार पृष्ठ पूरे होने चाहिये। परीक्षार्थी उत्तरपुस्तिका प्राप्त करते ही पृष्ठ संख्या की जांच कर लें यदि पृष्ठ कम/अधिक या क्रम में नहीं हैं तो वीक्षक से तुरन्त बदलवा लें।
   (iii) परीक्षा केन्द्रों पर पुस्तक, लेख, कागज, केलक्यूलेटर, मोबाईल, पेजर आदि किसी भी प्रकार का इलेक्ट्रॉनिक उपकरण तथा किसी भी प्रकार का हथियार आदि ले जाना निषेध हैं।
   (iv) वस्त्र, स्केल, ज्योमेट्री बॉक्स पर कुछ न लिखकर लावें। टेबुल के आस–पास कोई अवैध सामग्री नहीं होनी चाहिये, इसकी जांच कर लें।
   (v) अपनी उत्तर पुस्तिका/ग्राफ/मानचित्र आदि परीक्षा भवन से बाहर ले जाना दण्डनीय अपराध है, अतः परीक्षा समाप्ति पर उत्तर पुस्तिका वीक्षक को बिना सौंपे परीक्षा कक्ष नहीं छोड़ें।
5. उत्तरों को क्रमानुसार एक ही स्थान पर लिखें। प्रश्न क्रमांक भी सही अंकित करें, अन्यथा दण्ड स्वरूप परीक्षक को 1 अंक कम करने का अधिकार है। बीच में उत्तर पुस्तिका के पृष्ठ रिक्त न छोड़ें। गणित विषय के लिए रफ कार्य उत्तर पुस्तिका के अंतिम पृष्ठों पर करें तथा तिरछी रेखा से काटे।
6. जहाँ तक हो सके प्रश्न के सभी भाग के उत्तर, उत्तर पुस्तिका में एक ही स्थान पर अंकित करें।
7. भाषा विषयों को छोड़कर शेष सभी विषयों के प्रश्न–पत्र हिन्दी–अंग्रेजी दोनों भाषा में मुद्रित है। किसी भी प्रकार की त्रुटि/अन्तर/विरोधाभास होने पर हिन्दी भाषा के प्रश्न को ही सही माना जाये।

1

ਪਰੀਖਕ ਦੁਆਰਾ ਪ੍ਰਦਤ ਅੰਕ | ਪ੍ਰਸ਼ਨ ਸੰਖਿਆ | ਪਰੀਖਿਆਰਥੀ ਉੱਤਰ

"ਖੰਡ-ੳ"

1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ :—

1 (i) (ਅ) ਗੁਰੂ ਨਾਨਕ ਦੇਵ

1 (ii) (ੳ) ਪ੍ਰੋ. ਮੋਹਨ ਸਿੰਘ

1 (iii) (ੲ) ਚਾਨਣ ਦੀ ਫੁੱਲਕਾਰੀ

1 (iv) (ਸ) ਉਲਟੇ ਹੋਰ ਜ਼ਮਾਨੇ ਆਏ

1 (v) (ੲ) ਬੂਟ

1 (vi) (ਸ) ਜੈਸਲਮੇਰ ਦਾ ਕਿਲ੍ਹਾ

1 (vii) (ੳ) ਜੀਤੇਂਦਰ ਸਿੰਘ ਧੀਰ

1 (viii) (ਅ) ਪਰਤਾ ਪਾਂਧੀ

1 (ix) (ਅ) ਮਸ਼ਰੂਫ ਹੋਣਾ

1 (x) (ੳ) ਉਪਵਾਕ

1 (xi) (ੲ) ਵਿਰਾਮ

1 (xii) (ਸ) ਜ

= 12

परीक्षक द्वारा प्रदत्त अंक | प्रश्न संख्या | परीक्षार्थी उत्तर

2. ਹੇਠ ਲਿਖੀਆਂ ਖਾਲੀ ਥਾਂਵਾਂ ਭਰੋ :—

1 (i) ਜਿਤੁ ਦਿਹਾੜੈ ਧਨ ਵਰੀ, ਸਾਹੇ ਲਏ ਲਿਖਾਇ ॥

1 (ii) ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ ॥

1 (iii) ਚਾਨਣ ਦੀ ਫੁੱਲਕਾਰੀ ਤੋਪਾ ਕੌਣ ਭਰੇ।

1 (iv) ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।

1 (v) ਅਸਾਡਾ ਸਾਸਾ ਵਾਹਿਗੁਰੂ- ਵਾਹਿਗੁਰੂ ਕਰਨ ਲੱਗ ਪਿਆ।

1 (vi) ਮੈਨੂੰ ਕੌਣ ਪੱਥ ਲਾਊ। ਮਾਲਵੇ ਵਿੱਚ ਮੇਰਾ ਸ਼ੇਰ ਵਰਗਾ ਚਾਚਾ ਹੈ, ਦਰਤਾਰਾ।

6

3. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ :—

1 (i) ਸਲੋਕ 'ਜਗਤੁ ਜਲੰਦਾ ਰਖਿ ਲੈ' ਸ਼ਬਦ ਦੇ ਰਚਤਾ ਦਾ ਨਾਮ ਹੈ ਗੁਰੂ ਅਮਰਦਾਸ ਜੀ ਹੈ। ਇਹ ਸ਼ਬਦ ਉਹਨਾਂ ਦਾ ਲਿਖਿਆ ਹੈ।

1 (ii) 'ਸਾਕਾਰ-ਰੂਪੁ ਸਭ ਜੀਵਾਂ ਵਿੱਚ ਵਿਆਪਕ ਹੈ' ਅਰਥ ਦੇਣ ਵਾਲੀ ਤੁੱਕ ਲਿਖੋ ਹੈ :—
"ਹਰਿ ਆਤਮ ਰਾਮੁ ਪਸਾਰਿਆ, ਸੁਆਮੀ ਸਰਬ ਰਹਿਆ ਭਰਪੂਰੇ।"

PTO

परीक्षक द्वारा प्रदत्त अंक | प्रश्न संख्या | परीक्षार्थी उत्तर

(3)

(iii) 'ਰੋਟਿ-ਤੇਤੀਆ-ਏਕ, ਚੀਰੀ ਜਿਤ ਦਰਿ।
ਇਤੁੱਸੁ ਖਾਰ ਭੁਲਾਇ, ਇਸਸੇ ਚਲਣ ਭਰਿ।'
ਉਪਰੋਕਤ ਸਤਰਾਂ ਵਿੱਚ ਸ਼ੀਆਂ ਫ਼ਕੀਰ ਨੇ ਲੋਕਾਂ ਦੇ ਗਸਾ ਗਾਫਲ਼ ਬਾਰੇ ਸੰਕੇਤ ਕੀਤਾ ਹੈ ਅਤੇ ਇਹ ਕਿਹਾ ਕਿ ਰੱਬ ਜਿਸਦੇ ਵੀ ਜ਼ਿੰਦਗੀ ਨੂੰ ਪਲ-ਭਰ ਵਿੱਚ ਮਿੱਟੀ ਵਿੱਚ ਰੋਲ ਦਿੰਦਾ।

(iv) 'ਮੋਰੀ ਜਿੰਦੇ' ਕਵਿਤਾ ਵਿੱਚ ਭਾਈ ਵੀਰ ਸਿੰਘ ਜੀ ਨੇ ਆਪਣੀ ਜਿੰਦ ਨੂੰ ਇਹ ਕਿਹਾ ਹੈ ਕਿ ਤੇਰਾ ਤਾਂ ਦੇਸ ਸੀ ਕਿ ਤੂੰ ਪ੍ਰਮਾਤਮਾ ਦਾ ਨਾਮ ਜੱਪਦੀ ਫਿਰੇ ਅਤੇ ਸਿਰਫ ਆਪਣੇ ਨਾਲ ਖੇਲੇਂ ਪਰ ਤੂੰ ਤਾਂ ਸੰਸਾਰ ਝਮੇਲਿਆਂ ਵਿੱਚ ਆ ਫਸੀ ਹੈ। ਇੱਥੇ ਤੈਨੂੰ ਕੋਈ ਵੀ ਪ੍ਰਮਾਤਮਾ ਨੂੰ ਯਾਦ ਨਹੀਂ ਰਹਿਣ ਦਿੰਦਾ।

(v) 'ਕੁੱਝ ਕਿਹਾ ਤਾਂ' ਕਾਵਿ-ਰਚਨਾ ਦੇ ਰਚਨਾਕਾਰ ਸੁਰਜੀਤ ਪਾਤਰ ਹਨ। ਇਹ ਉਹਨਾਂ ਦੀ ਲਿਖੀ ਗ਼ਜ਼ਲ ਹੈ।

(vi) ਮਿਲਖਾ ਸਿੰਘ ਨੂੰ 'ਫਲਾਇੰਗ ਸਿੱਖ' ਦੀ ਉਪਾਧੀ ਉਦੋਂ ਪ੍ਰਾਪਤ ਹੋਈ ਜਦੋਂ ਇੰਡੋ-ਪਾਕਿ-ਇਰਾਨ-ਮੀਟ ਵਿੱਚ ਉਸਨੇ ਇੰਚਾਂ-ਫੁੱਟਾਂ ਦੀ ਥਾਂ ਤੇ ਮੀਟਰਾਂ ਦੇ ਫਾਸਲੇ ਨਾਲ ਦੌੜ ਜਿੱਤੀ ਸੀ। ਤਾਂ ਪਾਕਿਸਤਾਨੀ ਅਨਾਊਂਸਰ ਨੇ ਉਸਨੂੰ 'ਫਲਾਇੰਗ ਸਿੱਖ' ਦੀ ਉਪਾਧੀ ਦਿੱਤੀ। ਇਹ ਮੀਟ 1958 ਈ. ਵਿੱਚ ਹੋਇਆ।

(vii) ਗੀਗਾ ਦੀਨ ਬੂਟ ਬਣਾਉਣ ਵਾਲਾ ਬਹੁਤ ਹੀ ਵਧੀਆ ਕਾਰੀਗਰ ਸੀ। ਉਹ ਚਮੜੇ ਦੀ ਬੂਟ ਬਣਾਉਂਦਾ ਸੀ। ਉਸ ਦੇ ਬੂਟ ਪੱਕੇ ਤੇ ਹੰਢਣਸਾਰ ਹੁੰਦੇ ਸਨ। ਇਸ ਤਰ੍ਹਾਂ ਗੀਗਾ ਦੀਨ ਕਾਰੀਗਰ ਸੀ।

→

BSER 17/2023

| परीक्षक द्वारा प्रदत्त अंक | प्रश्न संख्या | परीक्षार्थी उत्तर |
|---|---|---|

③

1 (viii) 'ਪਰਤਾ ਪਾਂਧੀ' ਕਹਾਣੀ ਦੇ ਮੁੱਖ ਪਾਤਰ ਦਾ ਨਾਮ ਮੇਜਰ ਸਾਹਿਬ ਹੈ। ਪੂਰੀ ਕਹਾਣੀ ਉਹਨਾਂ ਦੇ ਆਲੇ-ਦੁਆਲੇ ਹੀ ਘੁੰਮਦੀ ਹੈ।

1 (ix) 'ਸਾਂਝੀ ਕੰਧ' ਕਹਾਣੀ ਅਨੁਸਾਰ ਸਾਂਝੀ ਕੰਧ ਬਣਾਉਣ ਦੀ ਲੋੜ ਕਪੂਰ ਸਿੰਘ ਨੂੰ ਪਈ। ਮੀਂਹ ਵਿੱਚ ਉਸ ਦਾ ਸਾਰਾ ਮਕਾਨ ਢਹਿ ਗਿਆ ਅਤੇ ਇਸ ਕਰਕੇ ਉਸਨੂੰ ਸਾਂਝੀ ਕੰਧ ਦੀ ਲੋੜ ਪਈ।

1 (x) ਪੰਜਾਬੀ ਵਿੱਚ ਕੁੱਲ ਦੱਸ (10) ਸਵਰ-ਧੁਨੀਆਂ ਮੰਨੀਆਂ ਗਈਆਂ ਹਨ। ਜਿਨ੍ਹਾਂ ਦੀ ਗਿਣਤੀ 10 ਹੈ।

1 (xi) 'ਸਿਹਾਰੀ' ਲੱਗ ਵਾਲੇ ਚਾਰ ਸ਼ਬਦ ਹਨ :-
(i) ਮਿਲਵਰਤਨ,
(ii) ਇਮਾਨਦਾਰ
(iii) ਪਰਿਵਾਰ
(iv) ਵਿਆਪਕ

(xii) ਮਲਵਈ ਉਪਭਾਸ਼ਾ ਪੰਜਾਬ ਦੇ ਜ਼ਿਲ੍ਹਾ ਮੁਕਤਸਰ, ਫਰੀਦਕੋਟ ਅਤੇ ਬਠਿੰਡਾ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ।

12

## "ਖੰਡ-ਅ"

ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-

⟶

परीक्षक द्वारा प्रदत्त अंक | प्रश्न संख्या | परीक्षार्थी उत्तर

2 4. ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਹੈ :-
ਸਿਰਲੇਖ → "ਆਪਸੀ ਮਿਲਵਰਤਨ - ਸਮਾਜ ਦੀ ਲੋੜ"

2 5. ਸਮਾਜ ਦੀ ਹੋਂਦ ਮਨੁੱਖਾਂ ਦੇ ਆਪਸੀ ਮਿਲਵਰਤਨ ਉੱਪਰ ਨਿਰਭਰ ਹੈ।

2 6. ਮਿਲਵਰਤਨ ਦੀ ਜ਼ਰੂਰਤ ਥਾਂ-ਥਾਂ ਤੇ ਪੈਂਦੀ ਹੈ, ਜਿਵੇਂ- ਪਰਿਵਾਰ ਵਿੱਚ, ਰਿਸ਼ਤੇਦਾਰੀ ਵਿੱਚ, ਮਿੱਤਰਾਂ ਵਿੱਚ, ਸਹਿਪਾਠੀਆਂ ਵਿੱਚ, ਗੁਆਂਢੀਆਂ ਵਿੱਚ, ਕਾਰੋਬਾਰ ਵਿੱਚ ਜਾਂ ਉਸ ਸੰਸਥਾ ਵਿੱਚ ਜਿੱਥੇ ਅਸੀਂ ਕੰਮ ਕਰਦੇ ਹਾਂ।

2 7. "ਇੱਕ ਫੁੱਲ ਮਾਲਾ ਨਹੀਂ ਬਣਾ ਸਕਦਾ" ਅੰਗਰੇਜ਼ੀ ਦੀ ਇੱਕ ਕਹਾਵਤ ਹੈ ਜਿਸ ਤੋਂ ਭਾਵ ਹੈ ਇੱਕ ਮਨੁੱਖ ਭਾਵੇਂ ਕਿੰਨਾਂ ਹੀ ਪ੍ਰਤਿਭਾਵਾਨ ਹੋਵੇ ਪਰ ਉਹ ਇੱਕਲਾ ਕੁੱਝ ਨਹੀਂ ਕਰ ਸਕਦਾ।

8. ਔਖੇ ਸ਼ਬਦਾਂ ਦੇ ਅਰਥ ਲਿਖੋ :-

1½
1. ਹੋਂਦ - ਇੱਜ਼ਤ
~~2~~ 2. ਉਪਜ - ਪੈਦਾਵਾਰ
3. ਕਾਰੋਬਾਰ - ਕੰਮ-ਕਾਜ
4. ਟਾਕਰਾ - ਸਾਹਮਣਾ ਕਰਨਾ

(9-16) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-

⟶

| परीक्षक द्वारा प्रदत्त अंक | प्रश्न संख्या | परीक्षार्थी उत्तर |
|---|---|---|

ਸਮਾਨਾਰਥਕ ਸ਼ਬਦ :-

9. • ਆਦਰ – ਇੱਜਤ, ਸ਼ਾਨ, ਵਡਿਆਈ।
• ਹੁਸ਼ਿਆਰ – ~~ਚਲੋਕ~~ ਚੁਸਤ, ਚਲਾਕ, ਸਾਵਧਾਨ।

10. ਬਹੁ ਅਰਥਕ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :-

1. ਕੱਚਾ
• ਪੱਕੇ ਦਾ ਉਲਟ → ਇਹ ਸੇਬ ਕੱਚਾ ਹੈ ਪੱਕਿਆ ਨਹੀਂ ਹੈ।
• ਛੋਟੀ ਉਮਰ → ਉਮਰ ਦਾ ਕੱਚਾ ਹੋਣ ਕਰਕੇ ਉਹ ਗਲਤੀ ਕਰ ਗਿਆ।
• ਠੀਕ ਨਾ ਹੋਣਾ → ਅੱਜ ਮੇਰਾ ਜੀਅ ਕੱਚਾ-ਜਿਹਾ ਹੈ।

2. ਵਾਰ
• ਵਾਰਨਾ → ਮਾਂ ਨੇ ਆਪਣੇ ਪੁੱਤਾਂ ਤੋਂ ਪਾਣੀ ਵਾਰ ਕੇ ਪੀਤਾ।
• ਵਾਰੀ → ਹੁਣ ਖੇਡਣ ਦੀ ਵਾਰ ਮੇਰੀ ਹੈ।
• ਦਿਨ → ਅੱਜ ਬੁੱਧਵਾਰ ਹੈ।

11. ਵਿਰੋਧੀ ਸ਼ਬਦ :-

• ਸੋਗ → ਖੁਸ਼ੀ
• ਗੂੜ੍ਹਾ → ਫਿੱਕਾ
• ਬਰੀਕ → ਮੋਟਾ
• ਢਿੱਲਾ → ਕਰੜਾ

12. ਪੰਜਾਬੀ ਬੋਲੀ ਦੀਆਂ ਉਪਬੋਲੀਆਂ ਦੇ ਨਾਂ :-
• ਮਾਝੀ
• ਮਲਵਈ
• ਦੁਆਬੀ
• ਪੁਆਧੀ

परीक्षक द्वारा प्रदत्त अंक | प्रश्न संख्या | परीक्षार्थी उत्तर

(2) 13. 'ਸੁੱਖੀ ਜਿਉਣ ਦੀ ਕੁੰਜੀ' ਕਵਿਤਾ ਇਹ ਸੁਖ ਸੁਨੇਹਾ ਦਿੰਦਾ ਹੈ ਕਿ ਵਿਅਕਤੀ ਨੂੰ ਕਦੇ ਵੀ ਗੁਲਾਮ ਬਣ ਕੇ ਨਹੀਂ ਰਹਿਣਾ ਚਾਹੀਦਾ। ਜੇਕਰ ਵਿਅਕਤੀ ਸੁੱਖੀ ਰਹਿਣਾ ਚਾਹੁੰਦਾ ਹੈ ਤਾਂ ਉਸ ਨੂੰ ਹਮੇਸ਼ਾ ਆਜ਼ਾਦ ਰਹਿ ਕੇ ਹੀ ਜੀਣਾ ਚਾਹੀਦਾ ਹੈ। ਗੁਲਾਮੀ ਵਿੱਚ ਰਹਿ ਕੇ ਚੰਗੇ ਪਕਵਾਨ ਖਾਣ ਤੋਂ ਤਾਂ ਇਹ ਚੰਗਾ ਹੈ ਕਿ ਵਿਅਕਤੀ ਗੁਲਾਮ ਬਣ ਕੇ 'ਸੁੱਕੀ ਰੋਟੀ ਖਾ ਲਵੇ। ਗੁਲਾਮੀ ਵਿੱਚ ਰਹਿ ਵਿਅਕਤੀ ਕਦੇ ਵੀ ਸੁੱਖੀ ਨਹੀਂ ਰਹਿ ਸਕਦਾ। ਗੁਲਾਮ ਵਿੱਚ ਜੇਕਰ ਕੋਈ ਗਲਤੀ ਹੋ ਜਾਵੇ ਤਾਂ ਸ਼ਹੀਦਾਂ ਦੇ ਲਹੂ ਵੀ ਸੁੱਕ ਜਾਂਦੇ ਹਨ।

(2) 14. 'ਖੁਰਾਸਾਨ ਖਸਮਾਨਾ ਕੀਆ' ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਰੱਬ ਨੂੰ ਉਲਾਂਭਾ ਦੇ ਕੇ ਇਹ ਕਹਿੰਦੇ ਹਨ ਬਾਬਰ ਦੀਆਂ ਫੌਜਾਂ ਨੇ ਨਿਹੱਥੇ ਅਤੇ ਬੇਕਸੂਰ ਲੋਕਾਂ ਨੂੰ ਇੰਨੀ ਬੇਰਹਿਮੀ ਨਾਲ ਮਾਰਿਆ ਕਿ ਉਹ ~ ਸਾਰੇ ਲੋਕ ਕੁਰਲਾ ਉਠੇ। ਗੁਰੂ ਨਾਨਕ ਦੇਵ ਜੀ ਰੱਬ ਨੂੰ ਕਹਿੰਦੇ ਹਨ ਕਿ ਤੈਨੂੰ ਇਨ੍ਹਾਂ ਲੋਕਾਂ ਉੱਤੇ ਇੰਨਾ ਜ਼ੁਲਮ ਹੁੰਦਾ ਦੇਖ ਕੇ ਤੈਨੂੰ ਉਨ੍ਹਾਂ ਨਿਹੱਥੇ ਲੋਕਾਂ ਉੱਤੇ ਤਰਸ ਨਹੀਂ ਆਇਆ ਅਤੇ ਤੂੰ ਉਨ੍ਹਾਂ ਉੱਪਰ ਬਾਬਰ ਦਾ ਜ਼ੁਲਮ ਹੋਣ ਦਿੱਤਾ। ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਰੱਬ ਨੂੰ ਉਲਾਂਭਾ ਦਿੰਦੇ ਹਨ।

(2) 15. ਲਾਲੂ ਤੇ ਦਿਆਲ ਚਾਚੇ-ਤਾਏ ਦੇ ਪੁੱਤਰ ਹੋਣ ਕਰਕੇ ਉਨ੍ਹਾਂ ਦਾ ਆਪਸ ਵਿੱਚ ਭਰਾ ਦਾ ਰਿਸ਼ਤਾ ਸੀ। ਉਨ੍ਹਾਂ ਵਿ ਨੂੰ ਇਕੱਠੇ ਕੰਮ ਕਰਨ ਦੇ ਬਹੁਤ ਫਾਇਦੇ ਹਨ, ਸਭ ਤੋਂ ਵੱਡਾ ਫਾਇਦਾ ਤਾਂ ਇਹ ਸੀ ਕਿ ਜਦੋਂ ਕੰਮ ਹੁੰਦਾ ਤਾਂ ਇੱਕ ਕੀਦਾ ਸਮੇਂ ਨਾਲ ਮਿਲ ਕੇ ਖੇਤ ਦਾ ਕੰਮ ਕਰ ਲੈਂਦਾ ਅਤੇ ਦੂਜਾ ਕੀਦਾ →

PTO

15. ਪਿੰਡ ਦੇ ਨਿੱਕੇ-ਮੋਟੇ ਕੰਮ ਕਰ ਲੈਂਦਾ ਸੀ। ਇਸ ਸਤ ਵਿੱਚ ਪ੍ਰਾਲ ਨੂੰ ਹੀ ਸਾਰਾ ਖੇਤ ਦਾ ਕੰਮ ਕਰਨਾ ਪੈਂਦਾ ਸੀ ਅਤੇ ਦਿਆਲ ਬੱਸ ਪਿੰਡ ਵਿੱਚ ਘੁੰਮਦਾ ਰਹਿੰਦਾ ਸੀ।

2

16. ਗਾਗਰੌਣ ਦੇ ਕਿਲ੍ਹੇ ਦੀ ਪ੍ਰਸਿੱਧੀ ਦਾ ਇਹ ਕਾਰਨ ਹੈ ਕਿ ਇਹ ਕਿਲ੍ਹਾ ਚਾਰੇ ਪਾਸਿਆਂ ਤੋਂ ਪਾਣੀ ਨਾਲ ਘਿਰਿਆ ਹੋਇਆ ਅਤੇ ਇਸ ਨੂੰ 'ਜਲ ਕਿਲ੍ਹਾ' ਵੀ ਕਿਹਾ ਜਾਂਦਾ ਹੈ। ਇਸ ਕਿਲ੍ਹੇ ਵਿੱਚ ਤਾੜ ਦੇ ਲੰਮੇ-ਲੰਮੇ ਰੁੱਖ ਲੱਗੇ ਹੋਏ ਹਨ। ਗਾਗਰੌਣ ਦੇ ਤੋਤੇ ਪੂਰੇ ਰਾਜਸਥਾਨ ਵਿੱਚ ਪ੍ਰਸਿੱਧ ਹਨ। ਇਹਨਾਂ ਸਾਰੀਆਂ ਗੱਲਾਂ ਦੇ ਕਾਰਨ ਗਾਗਰੌਣ ਦਾ ਕਿਲ੍ਹਾ ਪੂਰੇ ਰਾਜਸਥਾਨ ਵਿੱਚ ਬਹੁਤ ਪ੍ਰਸਿੱਧ ਹੈ।

## 'ਖੰਡ- ੲ'

(17-20) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-

3

17. 'ਬਸ ਕਰ ਜੀ ਹੁਣ ਬਸ ਕਰ ਜੀ' ਕਾਫੀ ਬੁਲ੍ਹੇ ਸ਼ਾਹ ਦੀ ਲਿਖੀ ਹੋਈ ਹੈ। ਇਸ ਕਾਫੀ ਵਿੱਚ ਬੁਲ੍ਹੇ ਸ਼ਾਹ ਨੇ ਆਪਣੇ ਗੁਰੂ ਸ਼ਾਹ ਇਨਾਇਤ ਇਨਾਅਤ ਕਾਦਰੀ ਜੋ ਉਸ ਤੋਂ ਨਰਾਜ਼ ਹੋ ਗਏ ਹਨ, ਉਹਨਾਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਹੈ। ਬੁਲ੍ਹੇ ਸ਼ਾਹ ਕਿਹਾ ਹੈ ਕਿ ਹੇ ਗੁਰੂ ਜੀ। ਤੁਸੀਂ ਮੈਥੋਂ ਐਵੇਂ ਨਰਾਜ਼ ਕਿਉਂ ਹੋ ਗਏ ਹੋ? ਤੁਸੀਂ ਮੇਰੇ ਨਾਲ ਇੱਕ ਪਿਆਰ ਦੀ ਗੱਲ ਤਾਂ ਕਰੋ। ਹੇ ਗੁਰੂ ਜੀ!

| परीक्षक द्वारा प्रदत्त अंक | प्रश्न संख्या | परीक्षार्थी उत्तर |
|---|---|---|

17. ਤੁਸੀਂ ਤਾਂ ਸਾਡੇ ਦਿਲ ਵਿੱਚ ਵੱਸਦੇ ਹੋ, ਫਿਰ ਤੁਸੀਂ ਸਾਨੂੰ ਛੱਡ ਕੇ ਕਿਉਂ ਜਾ ਰਹੇ ਹੋ। ਤੁਸੀਂ ਆਪਣੇ ਨਾਲ ਜਾਂਦੇ-ਜਾਂਦੇ ਸਾਡਾ ਦਿਲ ਵੀ ਲੈ ਕੇ ਜਾ ਰਹੇ ਹੋ। ਅਸੀਂ ਤਾਂ ~~ਉ ਤੁ~~ ਤੁਹਾਨੂੰ ਆਪਣੇ ਪਿਆਰ ਨਾਲ ਪਰਤ ਕੇ ਰੱਖਿਆ ਹੋਇਆ ਹੈ। ਹੇ ਗੁਰੂ ਜੀ! ਅਸੀਂ ਤਾਂ ਤੁਹਾਡੇ ਲੜ ਲੱਗ ਔਇਆਂ ਸਮਾਨ ਹੋ ਗਏ ਹਾਂ ਪਰ ਤੁਸੀਂ ਤਾਂ ਸਾਨੂੰ ਔਇਆਂ ਨੂੰ ਹੀ ਮਾਰਨ ਤੋਂ ਨਹੀਂ ਹਟਦੇ ਹੋ। ਤੁਸੀਂ ਸਾਨੂੰ ਉਸ ਤਰ੍ਹਾਂ ਕੁਟਦੇ ਹੋ ਜਿਸ ਤਰ੍ਹਾਂ ਖਿੱਦੋ ਨਾਲ ਗੇਂਦ ਨੂੰ ਕੁੱਟਿਆਂ ਜਾਂਦਾ ਹੈ। ਜੇਕਰ ਅਸੀਂ ਆਪਣੇ ਅਨੁਭਵ ਦੀ ਗੱਲ ਕਰੀਏ ਤਾਂ ਤੁਸੀਂ ਸਾਡਾ ਗਲਾ ਹੀ ਘੁੱਟ ਲੈਂਦੇ ਹੋ ਭਾਵ ਸਾਨੂੰ ਚੁੱਪ ਕਰਾ ਦਿੰਦੇ ਹੋ। ਹੇ ਗੁਰੂ ਜੀ! ਹੁਣ ਤੁਸੀਂ ਸਾਨੂੰ ਜੁਦਾਈ ਦੇ ਕੇ ਕਿੱਥੇ ਜਾ ਰਹੇ ਹੋ। ਫਿਰ ਬੁੱਲ੍ਹੇ ਸ਼ਾਹ ਆਪਣੇ ਆਪ ਨੂੰ ਇਸਤਰੀ ਰੂਪ ਪੇਸ਼ ਕਰਦਾ ਹੋਇਆ ਕਹਿੰਦਾ ਹੈ ਕਿ ਹੇ ਗੁਰੂ ਜੀ! ਮੈਂ ਤਾਂ ਤੁਹਾਡੀ ਦਾਸੀ ਹਾਂ। ਮੈਂ ਤਾਂ ਤੁਹਾਡਾ ਮੁੱਖ ਵੇਖਣ ਲਈ ਮਰ ਮਰ ਰਹੀ ਹਾਂ। ਮੈਂ ਤੈਨੂੰ ਬੇਨਤੀ ਕਰਦੀ ਹਾਂ ਕਿ ਹੁਣ ਤੂੰ ਸ਼ਰੀਰ ਵਿੱਚ ਆ ਕੇ ਬੈਠ ਜਾਹ। ਹੇ ਗੁਰੂ ਜੀ। ਤੁਸੀਂ ਸਾਡੇ ਨਾਲ ਔਖੇ ਨਰਾਜ਼ ਨਾ ਹੋ। ਇਸ ਤਰ੍ਹਾਂ ਬੁੱਲ੍ਹੇ ਸ਼ਾਹ ਆਪਣੇ ਗੁਰੂ ਜੀ ਦੇ ਨਰਾਜ਼ ਹੋਣ ਤੇ ਉਹਨਾਂ ਨੂੰ ਮਨਾਉਣ ਦੀ ਕੋਸ਼ਿਸ਼ ਕਰਦਾ ਹੈ।

ਪ੍ਰਸ਼ਨ - 18

| परीक्षक द्वारा प्रदत्त अंक | प्रश्न संख्या | परीक्षार्थी उत्तर |
|---|---|---|
| 3 | 18. | ਕਿਰਤ ਨਿਬੰਧ ਵਿੱਚ ਲੇਖਕ ਨਿਬੰਧਕਾਰ - ਪ੍ਰੋ. ਪੂਰਨ ਸਿੰਘ ਨੇ ਕਿਰਤ ਦੀ ਮਹਾਨਤਾ ਨੂੰ ਪੇਸ਼ ਕੀਤਾ ਹੈ। |

- ਦੈਵੀ ਗੁਣ – ਨਿਬੰਧਕਾਰ ਕਹਿੰਦਾ ਹੈ ਕਿ ਕਿਰਤ ਮਨੁੱਖ ਵਿੱਚ ਦੈਵੀ ਗੁਣ ਜਿਵੇਂ- ਪਿਆਰ, ਮਿੱਤਰਤਾ, ਸਾਦਗੀ, ਸੰਤੋਖ, ਦਇਆ, ਸਬਰ, ਉਦਾਰਤਾ, ਭਾਣਾ ਮੰਨਣ ਦੇ ਗੁਣ ਆਦਿ ਪੈਦਾ ਕਰਦੀ ਹੈ।
- ਵਿਹਲਾ ਮਨ ਸ਼ੈਤਾਨ ਦੀ ਟਕਸਾਲ, ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਜਦੋਂ ਵਿਅਕਤੀ ਵੇਹਲਾ ਹੁੰਦਾ ਹੈ ਤਾਂ ਉਸ ਦਾ ਦਿਮਾਗ ਭੈੜੀਆਂ ਚੀਜ਼ਾਂ ~~ਸੋਚਣ~~ ਸੋਚਣ ਲੱਗ ਪੈਂਦਾ ਹੈ। ਇਸ ਤੋਂ ਉਲਟ ਜੇਕਰ ਕੋਈ ਵਿਅਕਤੀ ਕੰਮ ਵਿੱਚ ਰੁਝਿਆ ਹੋਵੇ ਤਾਂ ਉਸ ਦਾ ਮਨ ਆਪ ਮੁਹਾਰਾ ਰੱਬ ਨਾਲ ਜੁੜ ਜਾਂਦਾ ਹੈ।
- ਟੌਲਸਟਾਏ ਦਾ ਸੱਤ, ਟੌਲਸਟਾਏ ਨੂੰ ਵੀ ਇਸਾਈ ਸੱਤ ਅਮੀਰ ਲੋਕਾਂ ਵਿੱਚ ਨਹੀਂ ਦਿਖਿਆ ਬਲਕਿ ਉਹਨਾਂ ਭੋਲੇ-ਭਾਲੇ ਕਿਸਾਨਾਂ ਵਿੱਚ ਦਿਖਿਆ ਜੋ ਕਿਰਤ ਕਰਦੇ ਹਨ।
- ਸੱਚੀ ਕਿਰਤ ਰੱਬ ਦੀ ਪੂਜਾ ਹੈ, ਇਹ ਗੱਲ ਕਾਰਲਾਈਲ ਨੇ ਕਹੀ ਸੀ ਕਿ ਜਿਹੜਾ ਵਿੱਚ ਸੱਚੀ ਕਿਰਤ ਕਰਦਾ ਹੈ ਉਸ ਦਾ ਮਨ ਰੱਬ ਨਾਲ ਜੁੜ ਜਾਂਦਾ ਹੈ ਅਤੇ ਇਹ ਰੱਬ ਦੀ ਪੂਜਾ ਸਮਾਨ ਹੈ।
- ਕੋਰਲ ਕੀੜੇ, ਸਮੁੰਦਰਾਂ ਵਿੱਚ ਕੋਰਲ ਕੀੜੇ ਨਿੱਕੀ-ਨਿੱਕੀ ਕਿਰਤ ਨਾਲ ਪਹਾੜ ਖੜੇ ਕਰ ਲੈਂਦੇ ਹਨ ਅਤੇ ਇਹ ਕੋਰਲ ਟਾਪੂ ਬਣ ਜਾਂਦੇ ਹਨ। ਇਸ ਤਰ੍ਹਾਂ ਮਨੁੱਖ ਵੀ ਨਿੱਕੀ-ਨਿੱਕੀ ਕਿਰਤ ਕਰਕੇ ਸਫਲ ਬਣ ਸਕਦਾ ਹੈ।
- ਸਾਧ ਅਤੇ ਕਿਰਤੀ ਬਰਾਬਰ ਹਨ, ਸਾਧ ਅਤੇ ਕਿਰਤੀ ਦੋਵੇਂ ਹੀ ਸਹਿਜ ਸੁਭਾਅ ਦੈਵੀ ਗੁਣਾਂ ਦੇ ਪ੍ਰਕਾਸ਼ਕ ਹਨ। ਸਾਧ ਆਪਣੇ ਆਪ ਵਿੱਚ ਕਿਰਤੀ ਹੈ ਅਤੇ ਕਿਰਤੀ ਆਪਣੇ-ਆਪ ਵਿੱਚ ਸਾਧ ਹੈ।

| परीक्षक द्वारा प्रदत्त अंक | प्रश्न संख्या | परीक्षार्थी उत्तर |
|---|---|---|

3

19. 'ਗੰਗ ਨਹਿਰ' ਮਹਾਰਾਜਾ ਗੰਗਾ ਸਿੰਘ ਦੁਆਰਾ ਤਿਆਰ ਕਰਵਾਈ ਗਈ ਸੀ। ਰਿਆਸਤ ਦੀ ਸਾਰੀ ਖੇਤੀ ਬਰਸਾਤ ਉੱਤੇ ਹੀ ਨਿਰਭਰ ਸੀ ਅਤੇ ਇਸ ਕਾਰਣ ਕਿਸੇ ਵੀ ਸਮੇਂ ਅਕਾਲ ਪੈਣ ਦੀ ਸਥਿਤੀ ਸੀ।

ਮਹਾਰਾਜੇ ਨੇ ਲਿਖਤੀ ਕੇਸ ਕਰਕੇ ਗੰਗ ਨਹਿਰ ਬਣਾਉਣ ਲਈ ਮੰਜ਼ੂਰੀ ਲਈ। ਇਹ ਮੰਜ਼ੂਰੀ 1920 ਈ. ਵਿੱਚ ਮਿਲੀ ਸੀ। ਇਹ ਨਹਿਰ ਸਤਲੁਜ ਦਰਿਆ ਤੋਂ ਕੱਢ ਕੇ ਹਰੀ ਕੇ ਪੱਤਣ ਵਿਚ ਆਉਂਦੀ ਸੀ।

- ਨਹਿਰ ਬਣਾਉਣ ਦੀ ਤਿਆਰੀ ਵਿਚ ਲਗਾਤਾਰ ਪੰਜ ਸਾਲ ਲੱਗ ਗਏ ਅਤੇ 1925 ਈ. ਵਿੱਚ ਨਹਿਰ ਬਣਾਉਣ ਦੀ ਨੀਂਹ ਰੱਖੀ ਗਈ ਸੀ।
- ਇਸ ਨਹਿਰ ਵਿੱਚ ਜੋ ਕੁੱਝ ਹੀ ਖਰਚ ਹੋਇਆ ਇਸ ਸਭ ਦਾ ਅੰਦਾਜ਼ਾ ਮਹਾਰਾਜੇ ਨੇ ਆਪ ਹੀ ਲਾਇਆ ਸੀ। ਨਹਿਰ ਬਣਨ ਨਾਲ ਰਿਆਸਤ ਦੀ ਆਮਦਨ 75 ਲੱਖ ਹੋ ਜਾਣੀ ਸੀ।
- ਜਦੋਂ ਨਹਿਰ ਤਿਆਰ ਹੋਈ ਤਾਂ 1927 ਈ. ਵਿੱਚ ਲੌਰਡ ਇਰਵਿਨ ਨੇ ਇਸ ਦਾ ਉਦਘਾਟਨ ਕੀਤਾ ਸੀ। 1927-1928 ਦੀ ਹਾੜੀ ਦੀ ਫਸਲ ਇਸ ਨਹਿਰ ਦੇ ਪਾਣੀ ਨਾਲ ਹੀ ਸਿੰਜੀ ਗਈ ਸੀ।
- ਇਹ ਗੰਗਨਹਿਰ ਮਹਾਰਾਜਾ ਗੰਗਾ ਸਿੰਘ ਦੀ ਰਿਆਸਤ ਲਈ ਸਭ ਤੋਂ ਵੱਡੀ ਦਾਤ ਸੀ।
- ਨਹਿਰ ਦੇ ਬਣਨ ਤੋਂ ਬਾਅਦ ਰਾਜ ਵਿੱਚ ਕਦੇ ਵੀ ਅਕਾਲ ਦੀ ਸਥਿਤੀ ਨਹੀਂ ਬਣੀ।

PTO →

| परीक्षक द्वारा प्रदत्त अंक | प्रश्न संख्या | परीक्षार्थी उत्तर |
|---|---|---|

20. ਕਰਤਾਰੇ ਦੇ ਚਰਿੱਤਰ ਉਪਰ ਸੰਖੇਪ ਨੋਟ ਲਿਖੋ -

- ਮੁੱਖ ਪਾਤਰ, ਕਰਤਾਰਾ "ਖੂਨ" ਕਹਾਣੀ ਦਾ ਮੁੱਖ ਪਾਤਰ ਹੈ। ਪੂਰੀ ਕਹਾਣੀ ਇਸ ਦੇ ਆਲੇ ਦੁਆਲੇ ਹੀ ਘੁੰਮਦੀ ਹੈ।
- ਸੁਆਰਥੀ ਬੰਦਾ, ਕਰਤਾਰਾ ਇੱਕ ਸੁਆਰਥੀ ਕਿਸਮ ਦਾ ਬੰਦਾ ਸੀ। ਉਹ ਹਮੇਸ਼ਾ ਲਾਲਚ ਹੀ ਕਰਦਾ ਸੀ। ਉਹ ਹਮੇਸ਼ਾ ਹੀ ਚੰਗੇ ਬਣੇ ਰਹਿਣ ਦਾ ਨਾਟਕ ਕਰਦਾ ਸੀ। ਉਹ ਭੈੜੀ ਸੋਚ ਦਾ ਸ਼ਿਕਾਰ ਸੀ।
- ਭੈੜੀ ਸੋਚ ਵਾਲਾ ਬੰਦਾ ਕਦੇ ਵੀ ਕਿਸੇ ਬਾਰੇ ਨਹੀਂ ਸੋਚਦਾ ਇਸ ਕਰਕੇ ਉਹ ਸਿਰਫ਼ ਆਪਣੇ ਬਾਰੇ ਹੀ ਸੋਚਦਾ ਸੀ।
- ਜੱਗਰ ਦੇ ਕਤਲ ਦੀ ਸੂਹ ਦੱਸਣ ਵਾਲਾ, ਉਸ ਨੂੰ ਪਤਾ ਸੀ ਕਿ ਫੈਲਾ ਅਤੇ ਦੀਪਾ ਉਸ ਦੇ ਭਰਾ ਜੱਗਰ ਦਾ ਕਤਲ ਕਰਨ ਵਾਲੇ ਹਨ ਪਰ ਫਿਰ ਵੀ ਉਸਨੇ ਜੱਗਰ ਨੂੰ ਦੱਸ ਨਹੀਂ ਦੱਸਿਆ ਅਤੇ ਜੱਗਰ ਮਾਰਿਆ ਗਿਆ। ਉਸ ਨੇ ਇਹ ਸਭ ਸਾਰੀ ਜ਼ਮੀਨ ਦਾ ਮਾਲਕ ਬਣਨ ਲਈ ਕੀਤਾ।
- ਭੈੜੀ ਸੋਚ, ਉਸ ਦੀ ਸੋਚ ਬਹੁਤ ਭੈੜੀ ਸੀ। ਜੱਗਰ ਦੇ ਮਰਨ ਤੋਂ ਬਾਅਦ ਉਹ ਉਸ ਪਤਨੀ (ਜੱਗਰੀ) ਦੀ ਆਪਣੀ ਵਹੁਟੀ ਬਣਾਉਣ ਦਾ ਚਾਹੁੰਦਾ ਸੀ। ਉਹ ਅਜਿਹਾ ਇਸ ਲਈ ਕਰਨਾ ਚਾਹੁੰਦਾ ਸੀ ਤਾਂ ਜੋ ਦਸ ਘੁਮਾ ਉਸਦੀ 15 ਘੁਮਾ ਜੱਗਰ ਦੀ ਜ਼ਮੀਨ ਭਾਵ ਉਹ 25 ਘੁਮਾ ਜ਼ਮੀਨ ਦਾ ਮਾਲਕ ਬਣਨਾ ਚਾਹੁੰਦਾ ਸੀ।
- ਭਤੀਜੇ ਦਾ ਕਤਲ ਕਰਨ ਦੀ ਇੱਛਾ ਰੱਖਣ ਵਾਲਾ, ਉਸ ਨੇ ਆਪਣੇ ਭਤੀਜੇ ਨੂੰ ਵੀ ਮਾਰਨ ਦੀ ਕੋਸ਼ਿਸ਼ ਕੀਤੀ ਉਸਨੇ ਸੋਚਿਆ ਕਿ ਕਿੱਥੇ ਵੱਡੇ ਹੋ ਕੇ ਉਹ ਉਸ ਦਾ ਦੁਸ਼ਮਣ ਨਾ ਬਣ ਜਾਵੇ।

3

| परीक्षक द्वारा प्रदत्त अंक | प्रश्न संख्या | परीक्षार्थी उत्तर |
|---|---|---|

"ਖੰਡ- ਸ"

21. "ਫਰੀਦਾ ਗਲੀਏ - - - - - - - - - ਨੇਹੁ ॥

1 (ੳ) ਪ੍ਰਸੰਗ: ਇਹ ਕਾਵਿ-ਟੋਟਾ ਸਾਡੀ ਪੰਜਾਬੀ ਦੀ ਪਾਠ-ਪੁਸਤਕ 'ਸਾਹਿਤ-ਸੁਗੰਧੀਆਂ' ਵਿੱਚ ਦਰਜ 'ਸ਼ੇਖ ਫਰੀਦ' ਜੀ ਦੇ ਸਲੋਕ ਵਿੱਚੋਂ ਲਿਆ ਗਿਆ ਹੈ। ਇਸ ਸਲੋਕ ਵਿੱਚ ਫਰੀਦ ਜੀ ਨੇ ਰੱਬ ਨਾਲ ਆਪਣੀ ਮਿਲਣ ਦੀ ਇੱਛਾ ਨਾ ਪ੍ਰਗਟ ਕੀਤਾ ਹੈ।

1 (ਅ) ਵਿਆਖਿਆ: ਫਰੀਦ ਜੀ ਫਰਮਾਉਂਦੇ ਹਨ ਕਿ ਮੀਂਹ ਪੈ ਰਿਹਾ ਹੈ ਅਤੇ ਗਲੀਆਂ ਵਿੱਚ ਚਿੱਕੜ ਬਹੁਤ ਜਿਆਦਾ ਹੈ। ਫਰੀਦ ਜੀ ਆਪਣੇ ਆਪ ਇਸਤਰੀ ਰੂਪ ਵਿੱਚ ਪੇਸ਼ ਕਰਦੇ ਹੋਏ ਕਹਿੰਦੇ ਹਨ ਕਿ ਜੇਕਰ ਮੈਂ ਜਾਂਦੀ ਹਾਂ. ਭਾਵ ਮੈਂ ਨਹੀਂ ਜਾਂਦੀ ਤਾਂ ਮੇਰੀ ਪ੍ਰਮਾਤਮਾ ਨਾਲ ਪਿਆਰ ਟੁੱਟਦਾ ਹੈ ਅਤੇ ਜਾਂਦੀ ਹਾਂ ਤਾਂ ਮੇਰੀ ਕੰਬਲੀ ਭਿੱਜਦੀ ਹੈ।
ਫਿਰ ਫਰੀਦ ਜੀ ਫਰਮਾਉਂਦੇ ਹਨ ਕਿ ਬੇਸ਼ਕ ਮੇਰੀ ਕੰਬਲੀ ਭਿੱਜੀ ਜਾਵੇ ਮੈਨੂੰ ਕੋਈ ਚਿੰਤਾ ਪਰ, ਭਾਵੇਂ ਰੱਬ ਵੱਲੋਂ ਜੋਰ ਮੀਂਹ ਪਈ ਜਾਵੇ, ਪਰ ਮੈਂ ਆਪਣੇ ਇਸ਼ਟ ਨੂੰ ਮਿਲਣ ਜ਼ਰੂਰ ਜਾਵਾਂਗੀ ਤਾਂ ਜੋ ਮੇਰਾ ਉਸ ਨਾਲ ਪਿਆਰ ਨਾ ਟੁੱਟੇ।

1 (ੲ) 'ਅਮਲ ਵਰਸਤ ਸੋਹੁ' ਸ਼ਬਦ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ ਰੱਬ ਵੱਲੋਂ ਮੀਂਹ ਪੈ ਰਿਹਾ ਹੈ ਅਤੇ ਫਰੀਦ ਜੀ ਇਹ ਕਹਿੰਦੇ ਹਨ ਕਿ ਭਾਵੇਂ ਰੱਬ ਵੱਲੋਂ ਜੋਰ ਮੀਂਹ ਪਈ ਜਾਵੇ ਪਰ ਉਹ ਆਪਣੇ ਇਸ਼ਟ ਨੂੰ ਮਿਲਣ ਜ਼ਰੂਰ ਜਾਣਗੇ।

| परीक्षक द्वारा प्रदत्त अंक | प्रश्न संख्या | परीक्षार्थी उत्तर |
| --- | --- | --- |

21.

(ਅ) ਸ਼ਬਦ- ਅਰਥ

1

(i) ਗਲੀਏ → ਗਲੀ ਤੋਂ ਬਾਹਰ ਹੈ
(ii) ਨੇਹੁ → ਪਿਆਰ
(iii) ਕੰਬਲੀ → ਫਕੀਰ ਜੀ ਦਾ ਕੰਬਲ.
(iv) ਤੁਟੈ → ਟੁੱਟਦਾ ਹੈ।

23. ਲੇਖ – ਭ੍ਰਿਸ਼ਟਾਚਾਰ

- ਰੂਪ ਰੇਖਾ → • ਜਾਣ-ਪਛਾਣ / ਭੂਮਿਕਾ
  - ਪੈਸੇ ਦੀ ਮਹੱਤਤਾ
  - ਭਾਰਤ ਵਿੱਚ ਭ੍ਰਿਸ਼ਟਾਚਾਰ ਦੀ ਸਥਿਤੀ
  - ਭ੍ਰਿਸ਼ਟਾਚਾਰ ਦੇ ਰੂਪ
  - ਸ਼ਾਂਤੀ ਦੀ ਲੋੜ
  - ਰੋਕਣ ਦੇ ਉਪਾਅ
  - ਸਾਰ ਅੰਸ਼

• ਭੂਮਿਕਾ → ਭ੍ਰਿਸ਼ਟਾਚਾਰ ਇੱਕ ਅਜਿਹਾ ਰੋਗ ਹੈ ਜੋ ਭਾਰਤੀ ਸਮਾਜ ਨੂੰ ਲੱਗਿਆ ਹੋਇਆ ਹੈ। ਭ੍ਰਿਸ਼ਟਾਚਾਰ ਦਾ ਅਰਥ ਹੁੰਦਾ ਹੈ → ਜਦੋਂ ਮਨੁੱਖ ਆਪਣੀ ਦਸਾਂ ਨਹੁੰਆਂ ਦੀ ਕਿਰਤ ਤੋਂ ਇਲਾਵਾ ਬੇਈਮਾਨੀ ਨਾਲ ਪੈਸਾ ਇਕੱਠਾ ਕਰਦਾ ਹੈ ਤਾਂ ਉਸ ਨੂੰ ਭ੍ਰਿਸ਼ਟਾਚਾਰ ਕਿਹਾ ਜਾਂਦਾ ਹੈ। ਭਾਰਤ ਵਿੱਚ ਬਹੁਤ ਸਾਰੀਆਂ ਬੁਰਾਈਆਂ ਹਨ ਪਰ ਭ੍ਰਿਸ਼ਟਾਚਾਰ ਤਾਂ ਭਾਰਤੀ ਸਮਾਜ ਨੂੰ ਲੱਗਿਆ ਅਜਿਹਾ ਰੋਗ ਹੈ ਜੋ ਪੂਰੀ ਮਨੁੱਖ ਜਾਤੀ ਨੂੰ ਖੋਖਲਾ ਖੋਖਲਾ ਕਰ ਗਿਆ। ਇਸ ਕਰਕੇ ਭ੍ਰਿਸ਼ਟਾਚਾਰ ਨੂੰ ਦੂਰ ਕਰਨਾ

परीक्षक द्वारा प्रदत्त अंक | प्रश्न संख्या | परीक्षार्थी उत्तर

ਬਹੁਤ ਜਿਆਦਾ ਹੀ ਜਰੂਰੀ ਹੋ ਗਿਆ। ਹਰ ਬੰਦਾ ਭ੍ਰਿਸ਼ਟਾਚਾਰ ਦੇ ਕਾਰਣ ਸੁਆਰਥੀ ਬਣ ਗਿਆ ਹੈ।

• ਪੈਸੇ ਦੀ ਮਹੱਤਤਾ→ ਜਿਸ ਵੀ ਬੰਦੇ ਨੂੰ ਅੱਜ ਦੇ ਜਮਾਨੇ ਵਿੱਚ ਦੇਖਦੇ ਹਾਂ ਤਾਂ ਉਸ ਦੇ ਜੀਵਨ ਵਿੱਚ ਸਿਰਫ ਪੈਸਾ ਹੀ ਮਹੱਤਵ ਰੱਖਦਾ ਹੈ ਅਤੇ ਹੋਰ ਕੋਈ ਚੀਜ਼ ਮਾਇਨੇ ਨਹੀਂ ਰੱਖਦੀ ਹੈ। ਸਾਰੇ ਰਿਸ਼ਤਿਆਂ ਤੋਂ ਵੱਧ ਕੇ ਪੈਸਾ ਹੋ ਗਿਆ ਹੈ। ਇਸ ਕਰਕੇ ਮਨੁੱਖ ਦੀ ਏਕਤਾ ਦਿਨ ਬ ਦਿਨ ਖਤਮ ਹੁੰਦੀ ਜਾ ਰਹੀ ਹੈ ਅਤੇ ਪੂਰੇ ਸਮਾਜ ਨੂੰ ਖਤਮ ਕਰ ਰਹੀ ਹੈ। ਇਸ ਕਰਕੇ ਭ੍ਰਿਸ਼ਟਾਚਾਰ ਇੱਕ ਭਿਆਨਕ ਬਿਮਾਰੀ ਬਣਦੀ ਜਾ ਰਹੀ ਹੈ।

• ਭਾਰਤ ਵਿੱਚ ਭ੍ਰਿਸ਼ਟਾਚਾਰ ਦੀ ਸਥਿਤੀ→ ਭਾਰਤ ਵਿੱਚ ਦਿਨੋ-ਦਿਨ ਭ੍ਰਿਸ਼ਟਾਚਾਰ ਵੱਧਦਾ ਹੀ ਜਾ ਰਿਹਾ ਹੈ। ਹਰ ਕੋਈ ਵਿਅਕਤੀ ਸਿਰਫ ਆਪਣੇ ਬਾਰੇ ਹੀ ਸੋਚਦਾ ਹੈ। ਕਿਸੇ ਹੋਰ ਨਾਲ ਉਸ ਨੂੰ ਕੋਈ ਮਤਲੱਬ ਨਹੀਂ ਹੁੰਦਾ ਹੈ। ਭਾਰਤ ਵਿੱਚ ਭ੍ਰਿਸ਼ਟਾਚਾਰ ਹਰ ਖੇਤਰ ਵਿੱਚ ਦੇਖਣ ਨੂੰ ਮਿਲਦਾ ਹੈ। ਕੋਈ ਵੀ ਅਜਿਹਾ ਖੇਤਰ ਨਹੀਂ ਹੈ ਜਿਸ ਵਿੱਚ ਭਾਰਤ ਵਿੱਚ ਭ੍ਰਿਸ਼ਟਾਚਾਰ ਨਾ ਹੋਵੇ। ਇਸ ਤਰ੍ਹਾਂ ਇਹ ਦਿਨੋ-ਦਿਨ ਵੱਧ ਗਿਆ ਹੈ।

• ਭ੍ਰਿਸ਼ਟਾਚਾਰ ਦੇ ਰੂਪ→ ਭ੍ਰਿਸ਼ਟਾਚਾਰ ਦੇ ਅਨੇਕ ਰੂਪ ਹੈ।

• ਨੌਕਰੀਆਂ ਵੇਲੇ ਭ੍ਰਿਸ਼ਟਾਚਾਰ→ ਜਦੋਂ ਵੀ ਕਿਸੇ ਬੰਦੇ ਨੂੰ ਕੋਈ ਨੌਕਰੀ ਚਾਹੀਦੀ ਹੁੰਦੀ ਹੈ ਤਾਂ ਉਹ ਰਿਸ਼ਵਤ ਦੇ

BSER 175/2023

परीक्षक द्वारा प्रदत्त अंक | प्रश्न संख्या | परीक्षार्थी उत्तर

(23) ਦੇ ਆਪਣਾ ਕੰਮ ਪੂਰਾ ਕਰ ਲੈਂਦਾ ਹੈ।

- ਸਰਕਾਰੀ ਕੰਮਾ ਵੇਲੇ ਭ੍ਰਿਸ਼ਟਾਚਾਰ → ਅੱਜ ਕੱਲ੍ਹ ਤਾਂ ਜੇਕਰ ਕਿਸੇ ਬੰਦੇ ਨੇ ਆਪਣਾ ਸਰਕਾਰੀ ਕੰਮ ਕਰਵਾਉਣਾ ਹੋਵੇ ਤਾਂ ਉਸ ਨੂੰ ਰਿਸ਼ਵਤ ਦੇਣੀ ਪੈਂਦੀ ਹੈ ਨਹੀਂ ਤਾਂ ਉਸ ਦਾ ਕੰਮ ਪੂਰਾ ਨਹੀਂ ਹੁੰਦਾ ਹੈ।

- ਸਕੂਲਾਂ-ਕਾਲਜਾਂ ਵਿੱਚ ਭ੍ਰਿਸ਼ਟਾਚਾਰ → ਅੱਜ-ਕੱਲ੍ਹ ਤਾਂ ਸਕੂਲਾਂ ਵਿਚ ਵੀ ਭ੍ਰਿਸ਼ਟਾਚਾਰ ਦੇਖਣ ਨੂੰ ਮਿਲਦਾ ਹੈ। ਸਕੂਲਾਂ ਵਿੱਚ ਨੌਕਰੀਆਂ ਦੇਣੀਆਂ ਹਨ ਅਤੇ ਦੂਜੀ ਤਰਫ ਕਿਸੇ ਨੂੰ ਦਾਖਲਾ ਕਰਵਾਉਣਾ ਹੋਵੇ ਤਾਂ ਵੀ ਰਿਸ਼ਵਤ ਚਲਦੀ ਹੈ।

- ਕ੍ਰਾਂਤੀ ਦੀ ਲੋੜ → ਹੁਣ ਉਹ ਸਮਾਂ ਆ ਗਿਆ ਹੈ ਜਦੋਂ ਸਾਨੂੰ ਸਮਾਜ ਵਿੱਚ ਕ੍ਰਾਂਤੀ ਲਿਆਉਣ ਦੀ ਬਹੁਤ ਜ਼ਰੂਰਤ ਹੈ। ਕ੍ਰਾਂਤੀ ਨਾਲ ਹੁਣ ਇਸ ਭ੍ਰਿਸ਼ਟਾਚਾਰ ਰੂਪੀ ਭਿਆਨਕ ਬਿਮਾਰੀ ਨੂੰ ਦੂਰ ਕੀਤਾ ਜਾ ਸਕਦਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਇਮਾਨਦਾਰ ਬਣੀਏ ਅਤੇ ਭ੍ਰਿਸ਼ਟਾਚਾਰ ਤੋਂ ਬਚੀਏ।

- ਦੂਰ ਕਰਨ ਦੇ ਉਪਾਅ → ਸਰਕਾਰ ਨੂੰ ਚਾਹੀਦਾ ਹੈ ਕਿ ਅਜਿਹੇ ਨਿਯਮ ਬਣਾਏ ਜਾਣ ਕਿ ਕੋਈ ਵੀ ਬੰਦਾ ਜੇਕਰ ਰਿਸ਼ਵਤ ਦੇਂਦਾ ਜਾਂ ਫਿਰ ਕੋਈ ਅਫਸਰ ਰਿਸ਼ਵਤ ਲੈਂਦਾ ਫੜਿਆ ਗਿਆ ਤਾਂ ਉਸ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ। ਭ੍ਰਿਸ਼ਟਾਚਾਰ ਦੂਰ ਕਰਨ ਲਈ ਟੀ.ਵੀ ਅਤੇ ਹੋਰ ਪ੍ਰਚਾਰ ਦੇ ਸਾਧਨਾਂ ਰਾਹੀ ਇਸ ਦੇ ਬਾਰੇ ਲੋਕਾਂ ਨੂੰ ਦੱਸਣਾ

ਚਾਹੀਦਾ ਹੈ ਕਿ ਭ੍ਰਿਸ਼ਟਾਚਾਰ ਇੱਕ ਭਿਆਨਕ ਬਿਮਾਰੀ ਹੈ।

• ਸਾਰ ਅੰਸ਼: ਇਸ ਤਰ੍ਹਾਂ ਭ੍ਰਿਸ਼ਟਾਚਾਰ ਇੱਕ ਅਜਿਹਾ ਰੋਗ ਹੈ ਜਿਸਨੂੰ ਦੂਰ ਕਰਨਾ ਬਹੁਤ ਹੀ ਔਖਾ ਹੈ। ਪਰ ਸਾਨੂੰ ਇਸਨੂੰ ਦੂਰ ਕਰਨ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਆਪ ਇਮਾਨਦਾਰ ਰਹੀਏ ਅਤੇ ਰਿਸ਼ਵਤਖੋਰੀ ਤੋਂ ਬਚੀਏ, ਇਸ ਤਰ੍ਹਾਂ ਜੇਕਰ ਹਰ ਵਿਅਕਤੀ ਕੋਸ਼ਿਸ਼ ਕਰੇ ਤਾਂ ਅਸੀਂ ਆਪਣੇ ਦੇਸ਼ ਨੂੰ ਇਸ ਭਿਆਨਕ ਬਿਮਾਰੀ ਤੋਂ ਬਚਾ ਸਕਦੇ ਹਾਂ। ਭ੍ਰਿਸ਼ਟਾਚਾਰ ਤਾਂ ਸਾਡੇ ਰਿਸ਼ਤਿਆਂ ਨੂੰ ਸਾਡੇ ਤੋਂ ਦੂਰ ਕਰ ਰਿਹਾ ਹੈ। ਇਸ ਕਰਕੇ ਸਾਨੂੰ ਇਸ ਭਿਆਨਕ ਸੱਮਸਿਆਂ ਨੂੰ ਦੂਰ ਕਰਨ ਦੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ।

“ਭ੍ਰਿਸ਼ਟਾਚਾਰ ਹੈ ਕਿ ਇੱਕ ਭਿਆਨਕ ਬਿਮਾਰੀ,
ਜਿਸਨੂੰ ਖਤਮ ਕਰਨਾ ਬਹੁਤ ਜ਼ਰੂਰੀ ਹੈ,
ਇਹ ਇੱਕ ਅਜਿਹਾ ਰੋਗ,
ਜਿਸ ਨੂੰ ਤਾਂ ਹੀ ਖਤਮ ਕੀਤਾ ਜਾ
ਸਕਦਾ ਜਦੋਂ ਹਰ ਵਿਅਕਤੀ ਆਪਣੇ-ਆਪ
ਕੋਸ਼ਿਸ਼ ਕਰੇ।
ਆਓ ਆਪਾਂ ਸਭ ਮਿਲਕੇ ਇਸਨੂੰ ਭਾਰਤ ਦੇ
ਸਮਾਜ ਤੋਂ ਖਤਮ ਕਰਦੇ ਹਾਂ ||”

| परीक्षक द्वारा प्रदत्त अंक | प्रश्न संख्या | परीक्षार्थी उत्तर |
|---|---|---|

(22) ਸਕੂਲ ਦੇ ਪ੍ਰਿੰਸੀਪਲ ਨੂੰ ਪੱਤਰ :-

ਸੇਵਾ ਵਿਖੇ,
ਮੁੱਖ ਅਧਿਆਪਿਕਾ ਜੀ,
ਸਰਕਾਰੀ ਸੀ. ਸੈ. ਸਕੂਲ,
ਸ੍ਰੀ ਗੰਗਾਨਗਰ ।

ਵਿਸ਼ਾ :- ਜੁਰਮਾਨਾ ਮੁਆਫ਼ੀ ਲਈ ਪੱਤਰ ।

ਸ੍ਰੀ ਮਤੀ ਜੀ,

ਬੇਨਤੀ ਹੈ ਕਿ ਮੈਂ ਆਪ ਜੀ ਦੇ ਸਕੂਲ ਵਿੱਚ ਦੱਸਵੀਂ ਦੀ ਵਿਦਿਆਰਥੀ ਹਾਂ। ਪਿੱਛਲੇ ਮਹੀਨੇ ਵਿੱਚ ਹੋਏ ਪ੍ਰੀਖਿਆ ਨੂੰ ਵਿੱਚ ਮੈਂ ਅੰਗਰੇਜ਼ੀ ਦਾ ਪੇਪਰ ਨਹੀਂ ਦੇ ਸਕਾ ਸੀ ਕਿਉਂਕਿ ਉਸ ਰਾਤ ਨੂੰ ਮੈਨੂੰ ਬਹੁਤ ਤੇਜ਼ ਬੁਖਾਰ ਹੋ ਗਿਆ ਸੀ ਅਤੇ ਪੇਪਰ ਵਾਲੇ ਦਿਨ ਤਾਂ ਮੈਨੂੰ ਬਹੁਤ ਤੇਜ਼ ਬੁਖਾਰ ਸੀ। ਇਸ ਕਰਕੇ ਮੈਂ ਪੇਪਰ ਨਹੀਂ ਦੇ ਸੱਕਿਆਂ। ਇਸ ਕਰਕੇ ਅੰਗਰੇਜ਼ੀ ਦੀ ਅਧਿਆਪਿਕਾ ਨੇ ਮੈਨੂੰ ਸੌ ਰੁਪਏ ਜੁਰਮਾਨਾ ਲਾ ਦਿੱਤਾ ਹੈ। ਮੇਰੇ ਪਿਤਾ ਜੀ ਇੱਕ ਗਰੀਬ ਕਿਸਾਨ ਹਨ। ਇਸ ਕਰਕੇ ਮੈਂ ਜੁਰਮਾਨਾ ਭਰਨ ਵਿੱਚ ਅਸਮਰੱਥ ਹਾਂ। ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਕਿਰਪਾ ਕਰਕੇ ਮੇਰਾ ਜੁਰਮਾਨਾ ਮੁਆਫ਼ ਕਰ ਦਿੱਤਾ ਜਾਵੇ ਅਤੇ ਮੈਂ ਨਵੇਂ ਪੇਪਰ ਦੇਣ ਲਈ ਵੀ ਤਿਆਰ ਹਾਂ।

ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰੀ
ਨਾਮ - ੳ, ਅ, ੲ
ਜਮਾਤ - ਦੱਸਵੀਂ

ਸਮਾਪਤ

ਮਿਤੀ - 30-3-2024

5

= 75½ / 80

BSER-178/2023

| परीक्षक द्वारा प्रदत्त अंक | प्रश्न संख्या | परीक्षार्थी उत्तर |
|---|---|---|

BSER 175/2023

| परीक्षक द्वारा प्रदत्त अंक | प्रश्न संख्या | परीक्षार्थी उत्तर |
|---|---|---|

| परीक्षक द्वारा प्रदत्त अंक | प्रश्न संख्या | परीक्षार्थी उत्तर |
|---|---|---|

BSEB-175/2023

| परीक्षक द्वारा प्रदत्त अंक | प्रश्न संख्या | परीक्षार्थी उत्तर |
|---|---|---|

BSER 175/2021